بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.01.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 08 ਜਨਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਜਮਾਤ ਦੇ ਹਰ ਵਿਅਕਤੀ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਤੁਹਾਡੀਆਂ ਸੇਵਾਵਾਂ ਦਾ ਮੁਥਾਜ ਨਹੀਂ ਹੈ । ਤੁਹਾਡੀ ਸਹਾਇਤਾ ਦਾ ਮੁਥਾਜ ਨਹੀਂ ਹੈ । ਨ ਹੀ ਤੁਹਾਡੀਆਂ ਕੁਰਬਾਨੀਆਂ ਦਾ ਮੁਥਾਜ ਹੈ । ਜੱਦ ਉਸ ਨੇ ਇਸ ਸਿਲਸਿਲੇ (ਜਮਾਤ) ਨੂੰ ਕਾਇਮ ਕੀਤਾ ਹੈ ਤਾਂ ਇਸ ਨੂੰ ਚਲਾਉਣ ਦਾ ਪ੍ਰਬੰਧ ਵੀ ਉਹ ਕਰਨ ਵਾਲਾ ਹੈ । ਤੁਹਾਨੂੰ ਜੋ ਸੇਵਾ ਦਾ ਮੌਕਾ ਮਿਲਦਾ ਹੈ ਇਸ ਨੂੰ ਰੱਬ ਦੀ ਮਿਹਰ ਸਮਝ ਕੇ ਕਰੋ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਕ ਇਲਹਾਮ ਹੋਇਆ ਕਿ 'ਲਾ ਇਲਾਹਾ ਇਲੱਾ ਅਨਾ ਫ਼ਤਖ਼ਿਜ਼ਨੀ ਵਕੀਲਾ' (لاالہ الاانا فاتخذنی وکیلا) ਕਿ ਮੇਰੇ ਸਿਵਾ ਕੋਈ ਮਾਬੂਦ (ਪੂਜਨ ਯੋਗ) ਨਹੀਂ, ਸੋ ਤੂੰ ਮੈਂਨੂੰ ਹੀ ਆਪਣਾ ਕਾਰਸਾਜ਼ (ਰੱਖਿਅਕ) ਬਣਾ ।

ਸੋ, ਇਸ ਇਲਹਾਮ ਰਾਹੀਂ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਹ ਤਸੱਲੀ ਵੀ ਦੇ ਦਿੱਤੀ ਕਿ ਤੈਨੂੰ ਕਿਸੇ ਹੋਰ ਵੱਲ ਦੇਖਣ ਦੀ ਲੋੜ ਨਹੀਂ ਹੈ, ਤੇਰੇ ਸਾਰੇ ਕੰਮ ਸੁਆਰਣ ਵਾਲਾ ਮੈਂ ਹਾਂ । ਤੇਰੇ ਕੰਮਾ ਨੂੰ ਚਲਾਉਣ ਵਾਲਾ ਮੈਂ ਹਾਂ । ਮੈਂ ਹੀ ਇਹਨਾਂ ਸਾਰਿਆਂ ਕੰਮਾ ਦੀ ਨਿਗਰਾਨੀ ਕਰਨ ਵਾਲਾ ਹਾਂ ਅਤੇ ਮੈਂ ਹੀ ਇਹਨਾ ਕਾਰਜਾਂ ਲਈ ਸਾਧਨ ਵੀ ਉਪਲਭਦ ਕਰਾਉਣ ਵਾਲਾ ਹਾਂ । ਜੱਦ ਤੂੰ ਮੈਂਨੂੰ ਆਪਣਾ ਮਾਬੂਦ (ਜਿਸ ਦੀ ਇਬਾਦਤ ਕੀਤੀ ਜਾਵੇ) ਬਣਾ ਲਿਆ ਅਤੇ ਜੱਦ ਮੈਂ ਤੈਂਨੂੰ ਧਰਮ ਦੇ ਪ੍ਰਸਾਰ ਲਈ ਖੜਾ ਕੀਤਾ ਹੈ ਤਾਂ ਫਿਰ ਕਿਸੇ ਚਿੰਤਾ ਦੀ ਲੋੜ ਨਹੀਂ, ਮੈਂ ਹੀ ਤੇਰੇ ਸਾਰੇ ਕੰਮ ਸੁਆਰਣ ਦੀ ਸ਼ਕਤੀ ਰਖੱਦਾ ਹਾਂ ਅਤੇ ਸੁਆਰਾਂਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪ ਵੀ ਇਸ ਦੀ ਸੰਖੇਪ ਜਿਹੀ ਵਿਆਖਿਆ ਕੀਤੀ ਹੈ ਕਿ ਅਰਥਾਤ ਮੈਂ ਹੀ ਹਾਂ ਕਿ ਹਰ ਇਕ ਕੰਮ ਵਿੱਚ ਕਾਰਸਾਜ਼ (ਰੱਖਿਅਕ) ਹਾਂ । ਰੱਬ ਫ਼ਰਮਾਉਂਦਾ ਹੈ ਕਿ ਸੋ, ਤੂੰ ਮੈਂਨੂੰ ਹੀ 'ਵਕੀਲ' ਅਰਥਾਤ 'ਕਾਰਸਾਜ਼' (ਰੱਖਿਅਕ) ਸਮਝ ਲੈ ਅਤੇ ਦੂਜਿਆਂ ਦਾ ਆਪਣੇ ਕੰਮਾ ਵਿੱਚ ਕੁਝ ਵੀ ਦਖ਼ਲਾ ਨ ਸਮਝ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਇਲਹਾਮ'ਤੇ ਮੈਂਨੂੰ ਡਰ ਪੈਦਾ ਹੋਇਆ ਅਤੇ ਮੇਰੇ ਦਿਲ'ਤੇ ਕਾਂਬਾ ਜਿਹਾ ਪੈ ਗਿਆ ਕਿ ਕਿਤੇ ਰੱਬ ਦੀ ਦ੍ਰਿਸ਼ਟੀ ਵਿੱਚ ਮੇਰੀ ਜਮਾਤ ਇਸ ਯੋਗ ਨਹੀਂ ਕਿ ਰੱਬ ਉਸ ਦਾ ਨਾਂ ਵੀ ਲਏ । ਆਪ ਨੇ ਜਮਾਤ ਨੂੰ ਧਿਆਨ ਦੁਆਇਆ ਕਿ ਇਹ ਇਲਹਾਮ ਅਜਿਹਾ ਹੈ ਕਿ ਜਮਾਤ ਦੇ ਹਰ ਵਿਅਕਤੀ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਤੁਹਾਡੀਆਂ ਸੇਵਾਵਾਂ ਦਾ ਮੁਥਾਜ ਨਹੀਂ ਹੈ ਤੁਹਾਡੀਆਂ ਸਹਾਇਤਾ ਦਾ ਮੁਥਾਜ ਨਹੀਂ ਹੈ ਨ ਹੀ ਤੁਹਾਡੀਆਂ ਕੁਰਬਾਨੀਆਂ ਦਾ ਮੁਥਾਜ ਹੈ । ਜਦੱ ਉਸ ਨੇ ਇਸ ਸਿਲਸਿਲੇ (ਜਮਾਤ) ਨੂੰ ਕਾਇਮ ਕੀਤਾ ਹੈ ਤਾਂ ਇਸ ਨੂੰ ਚਲਾਉਣ ਦਾ ਪ੍ਰਬੰਧ ਵੀ ਉਹ ਕਰਨ

ਵਾਲਾ ਹੈ । ਆਪ ਨੇ ਜਮਾਤ ਦੇ ਲੋਕਾਂ ਨੂੰ ਫ਼ਰਮਾਇਆ ਕਿ ਤੁਹਾਨੂੰ ਜੋ ਸੇਵਾ ਦਾ ਮੌਕਾ ਮਿਲਦਾ ਹੈ ਇਸ ਨੂੰ ਰੱਬ ਦੀ ਮਿਹਰ ਸਮਝ ਕੇ ਕਰੋ । ਸੋ, ਆਪ ਦੀ ਇਸ ਗੱਲ ਨੂੰ ਜਮਾਤ ਦੇ ਲੋਕਾਂ ਨੇ ਸਮਝਿਆ ਅਤੇ ਰੱਬ ਦੀਆਂ ਮਿਹਰਾਂ ਨੂੰ ਅਨੁਭਵ ਕਰਨ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਿਸ਼ਨ ਦੀ ਪੂਰਨਤਾ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹੋਏ । ਰੱਬ ਦੀ ਮਦਦ ਦੇ ਇਹ ਨਜ਼ਾਰੇ (ਦ੍ਰਿਸ਼) ਅਸੀਂ ਅੱਜ ਤੱਕ ਵੀ ਦੇਖ ਰਹੇ ਹਾਂ । ਰੱਬ ਅਹਦੀਆਂ ਦੇ ਦਿਲਾ ਵਿੱਚ ਕੁਰਬਾਨੀ ਦੀ ਮਹਤੱਾ ਪਾਉਂਦਾ ਹੈ ਅਤੇ ਉਹ ਅਸਧਾਰਣ ਨਮੂਨੇ ਵੀ ਦਿਖਾਉਂਦੇ ਹਨ । ਜਮਾਤ ਵਿੱਚ 'ਵਸੀਯੱਤ' ਦਾ ਇਕ ਨਿਜ਼ਾਮ (ਵਿਵਸਥਾ) ਹੈ, 'ਚੰਦਾ ਆਮ' ਦਾ ਇਕ ਨਿਜ਼ਾਮ ਹੈ ਇਸ ਤੋਂ ਬਿਨਾ ਵੱਖ ਵੱਖ ਤਹਿਰੀਕਾਂ ਹੁੰਦੀਆਂ ਰਹਿੰਦੀਆਂ ਹਨ ਅਤੇ ਲੋਕ ਇਹਨਾਂ ਵਿੱਚ ਕੁਰਬਾਨੀਆਂ ਦੀਆਂ ਅਸਧਾਰਣ ਉਧਾਰਣਾ ਕਾਇਮ ਕਰਦੇ ਹਨ । ਦੋ ਤਹਿਰੀਕਾਂ ਤਾਂ ਪੱਕੀਆਂ ਤਹਿਰੀਕਾਂ ਹਨ ਅਰਥਾਤ 'ਤਹਿਰੀਕੇ ਜਦੀਦ' ਅਤੇ 'ਵਕਫ਼ੇ ਕਦੀਦ' । ਲੋਕ ਜਾਣਦੇ ਹਨ ਕਿ ਪਾਸਿਤਾਨ ਵਿੱਚ ਜੱਦ ਤਹਿਰੀਕ ਕੀਤੀ ਗਈ ਸੀ ਤਾਂ ਗ੍ਰਾਮੀਣ ਤੇ ਦੂਰ ਦੁਰਾਡੇ ਖੇਤਰਾਂ ਵਿੱਚ ਸੀਖ, ਸਿੱਖਿਆ ਤੇ ਪ੍ਰਚਾਰਕ ਕਾਰਜਾਂ ਵਿੱਚ ਤੀਬਰਤਾ ਲਿਆਉਣ ਲਈ 'ਵਕਫ਼ੇ ਜਦੀਦ' ਨੂੰ ਜਾਰੀ ਕੀਤਾ ਗਿਆ ਸੀ । ਫਿਰ ਜੱਦ ਇਹ ਸਾਰੀ ਦੁਨੀਆ ਲਈ ਆਮ ਹੋ ਗਈ ਤਾਂ ਵੀ ਇਸ ਦੇ ਵਿਸ਼ੇਸ਼ ਮੰਤਵ ਸਨ । ਸੰਭਵਤਾ ਕਿਸੇ ਦੇ ਮਨ ਵਿੱਚ ਇਹ ਪ੍ਰਸ਼ਨ ਵੀ ਉੱਠੇ ਕਿ ਕਿ ਐਨ੍ਹੀਆਂ ਤਹਿਰੀਕਾਂ ਹਨ ਇਹਨਾਂ ਦਾ ਕੀ ਉਦੇਸ਼ ਹੈ ? ਇਸ ਬਾਰੇ ਮੈਂ ਥੋੜਾ ਜਿਹਾ ਵਿਸਥਾਰ ਕਰ ਦਿਆਂ ਕਿ 'ਵਕਫ਼ੇ ਜਦੀਦ' ਵਿਸ਼ੇਸ਼ ਦੇਸ਼ਾਂ ਅਤੇ ਖੇਤਰਾਂ ਲਈ ਹੈ ਅਰਥਾਤ ਇਸ ਦੇ ਖਰਚੇ । ਪਛੱਮੀ ਅਤੇ ਧਨਾਡ ਦੇਸ਼ਾਂ ਵਿੱਚੋਂ 'ਵਕੱਫ਼ੇ ਜਦੀਦ' ਦਾ ਜੋ ਚੰਦਾ ਆਉਂਦਾ ਹੈ, ਉਹ ਭਾਰਤ ਅਤੇ ਅਫ਼ਰੀਕਾ ਦੇ ਸਧਾਰਣ ਪੇਂਡੂ ਖੇਤਰਾਂ ਵਿੱਚ ਖਰਚ ਹੁੰਦਾ ਹੈ, ਸਗੋਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਨੇ ਜੱਦ ਇਹ ਤਹਿਰੀਕ ਬਾਕੀ ਸਾਰੀ ਦੁਨੀਆ ਲਈ ਆਮ ਕੀਤੀ ਸੀ ਤਾਂ ਅਮੀਰ ਦੇਸ਼ਾਂ ਵਿੱਚ ਵਕਫ਼ੇ ਜਦੀਦ ਜਾਰੀ ਕਰਨ ਦਾ ਇਹੋ ਉਦੇਸ਼ ਸੀ ਕਿ ਭਾਰਤ ਅਤੇ ਕਾਦੀਆਂ ਦੇ ਜੋ ਖ਼ਰਚੇ ਹਨ ਉਹ 'ਵਕਫ਼ੇ ਜਦੀਦ' ਤੋਂ ਪੂਰੇ ਕੀਤੇ ਜਾਣ । ਜੱਦ ਕਿ ਤਹਿਰੀਕੇ ਜਦੀਦ ਤੋਂ ਜੋ ਖਰਚੇ ਕੀਤੇ ਜਾਂਦੇ ਹਨ ਉਹ ਦੁਨੀਆ ਦੇ ਹਰ ਦੇਸ਼ ਵਿੱਚ ਜਿੱਥੇ ਕੇਂਦਰ ਤੋਂ ਮਦਦ ਦੀ ਲੋੜ ਹੋਵੇ, ਕਿਉਂਕਿ ਰਕਮ ਕੇਂਦਰ ਵਿੱਚ ਆਉਂਦੀ ਹੈ, ਓਥੇ ਇਹ ਖਰਚੇ ਕੀਤੇ ਜਾਂਦੇ ਹਨ ।

'ਵਕਫ਼ੇ ਜਦੀਦ' ਰਾਹੀਂ ਅਨੇਕਾਂ ਹੀ ਮਨਸੂਬੇ ਗਰੀਬ ਜਾਂ ਅਵਿਕਸਿਤ ਦੇਸ਼ਾਂ ਵਿੱਚ ਪੂਰੇ ਕੀਤੇ ਜਾ ਰਹੇ ਹਨ । ਜਨਵਰੀ ਦੇ ਪਹਿਲੇ ਜਾਂ ਦੂਜੇ ਜੁਮਏ ਵਿੱਚ 'ਵਕਫ਼ੇ ਜਦੀਦ' ਦੇ ਸਾਲ ਦਾ ਵੀ ਐਲਾਨ ਹੁੰਦਾ ਹੈ, ਇਸ ਲਈ ਮੈਂ ਅੱਜ ਵਕਫ਼ੇ ਜਦੀਦ ਦੇ ਹਵਾਲੇ ਨਾਲ ਗੱਲ ਕਰਾਂਗਾ ਅਤੇ ਇਸ ਸਾਲ ਦਾ ਐਲਾਨ ਵੀ ਕਰਾਂਗਾ, ਨਵੇਂ ਸਾਲ ਦਾ ਅਤੇ ਬੀਤੇ ਸਾਲ ਦੀ ਰਿਪੋਰਟ ਵੀ ਪੇਸ਼ ਕਰਾਂਗਾ, ਜਿਵੇਂ ਕਿ ਰਿਵਾਇਤ ਹੈ ।

ਰੱਬ ਦੀ ਮਿਹਰ ਨਾਲ 'ਵਕਫ਼ੇ ਜਦੀਦ' ਦਾ ਅਠੱਵੰਜਵਾਂ (58) ਸਾਲ 31 ਦਸੰਬਰ 2015 ਈ. ਨੂੰ ਖ਼ਤਮ ਹੋਇਆ ਅਤੇ ਇਸ ਸਾਲ ਵਿੱਚ ਰੱਬ ਦੀ ਮਿਹਰ ਨਾਲ ਵਕਫ਼ੇ ਜਦੀਦ ਰਾਹੀਂ ਜਮਾਤ ਦੇ ਲੋਕਾਂ ਨੂੰ 68 ਲੱਖ 91 ਹਜ਼ਾਰ ਪਾਉਂਡ ਦੀ ਮਾਲੀ ਕੁਰਬਾਨੀ ਪੇਸ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਇਹ ਵਸੂਲੀ ਬੀਤੇ ਸਾਲ ਤੋਂ 6 ਲੱਖ 82 ਹਜ਼ਾਰ 155 ਪਾਉਂਡ ਅਧਿਕ ਹੈ । ਇਸ ਵਿੱਚੋਂ ਕੁਲ ਵਸੂਲੀ ਦਾ ਜੋ ਤੀਜਾ ਭਾਗ ਹੈ ਇਹਨਾਂ ਦੇਸ਼ਾਂ ਵਿੱਚ ਲਾਇਆ ਜਾਂਦਾ ਹੈ ਅਰਥਾਤ ਇਹ ਅਵਿਕਸਿਤ ਜਾਂ ਘੱਟ ਤਰੱਕੀ ਵਾਲੇ ਜਾਂ ਗਰੀਬ ਦੇਸ਼ ਜੋ ਹਨ । ਬਾਕੀ ਦੇ ਦੋ ਭਾਗ, ਇਸ ਵਿੱਚੋਂ ਵੀ ਅਧੱਾ ਕਾਦੀਆਂ ਅਤੇ ਭਾਰਤ ਦੀਆਂ ਜਮਾਤਾਂ ਲਈ ਖਰਚ ਕੀਤਾ ਜਾਂਦਾ ਹੈ ਅਤੇ ਬਾਕੀ ਅਧੱਾ ਭਾਗ ਅਰਥਾਤ ਜੋ ਤੀਜਾ ਹਿਸੱਾ ਹੈ ਉਹ ਫਿਰ ਅਫਰੀਕਾ ਅਤੇ ਹੋਰਨਾ ਦੇਸ਼ਾਂ ਵਿੱਚ ਖ਼ਰਚ ਹੁੰਦਾ ਹੈ । ਭਾਰਤ ਵਿੱਚ ਹੁਣ ਤੱਕ ਇਸ ਸਾਲ ਵਿੱਚ ਉਂਨ੍ਹੀ (19) ਮਸਜਿਦਾਂ ਦੀ ਉਸਾਰੀ ਪੂਰਨ ਹੋਈ ਹੈ ਦੋ ਮਸਜਿਦਾਂ ਉਸਾਰੀ ਹੇਠ ਹਨ । ਇਸ ਸਾਲ 23 ਮਿਸ਼ਨ ਹਾਉਸ ਬਣਾਏ ਗਏ ਹਨ । ਚਾਰ ਮਿਸ਼ਨ ਹਾਉਸ ਉਸਾਰੀ ਹੇਠ ਹਨ । ਇਸ ਤੋਂ ਬਿਨਾਂ ਕਾਦੀਆਂ ਵਿੱਚ ਵੀ ਜਲਸੇਗਾਹ ਅਤੇ ਵੱਖ ਵੱਖ ਪ੍ਰਜੈਕਟਸ ਜੋ ਹਨ ਉਹਨਾਂ ਦੀ ਉਸਾਰੀ ਹੋਈ ਹੈ, ਉਹਨਾਂ 'ਤੇ ਖ਼ਰਚ ਹੋਇਆ ਹੈ । ਨੇਪਾਲ ਵਿੱਚ ਵੀ, ਨੇਪਾਲ ਵੀ ਭਾਰਤ ਹੇਠ ਹੀ ਹੈ । ਏਥੋਂ ਵਕਾਲਤੇ ਤਾਮੀਲ ਵ ਤਨਫ਼ੀਜ਼ ਹੀ ਕੰਟ੍ਰੋਲ ਕਰਦੀ ਹੈ

ਅਤੇ ਭੁਟਾਨ ਵਿੱਚ ਵੀ ਏਥੋਂ ਹੀ ਕੰਟ੍ਰੋਲ ਹੁੰਦਾ ਹੈ । ਬਹਿਰਹਾਲ ਨੇਪਾਲ ਵਿੱਚ ਦੋ ਪੱਕੀਆਂ ਮਸਜਿਦਾਂ ਬਣੀਆਂ ਹਨ ਅਤੇ ਦੋ ਸ਼ੈਡ ਆਰਜ਼ੀ ਬਣਾਏ ਗਏ ਹਨ ।

ਮਸਜਿਦਾਂ ਤੇ ਮਿਸ਼ਨ ਹਾਊਸਜ਼ ਦੀ ਉਸਾਰੀ ਵੱਲ ਹਰ ਥਾਂ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ । ਇਸ ਤੋਂ ਬਿਨਾਂ ਜੋ ਕੰਮ ਹੁੰਦੇ ਹਨ ਉਸ ਵਿੱਚ ਵੀ ਖ਼ਰਚੇ ਹੁੰਦੇ ਹਨ । ਭਾਰਤ ਵਿੱਚ ਦੌਰਾਨੇ ਸਾਲ ਤਰਬੀਯਤੀ (ਸਿੱਖਿਅਕ) ਕਲਾਸਾਂ ਦਾ ਆਯੋਜਨ ਹੋਇਆ, ਰਿਫ਼ਰੇਸ਼ਰ ਕੋਰਸਜ਼ ਹੋਏ, ਚੰਗੀ ਗਿਣਤੀ ਵਿੱਚ, ਇਹਨਾਂ'ਤੇ ਵੀ ਖ਼ਰਚੇ ਹੁੰਦੇ ਹਨ । ਇਸ ਸਮੇਂ ਮੁਅਲੱਮੀਨ ਜੋ ਕੰਮ ਕਰ ਰਹੇ ਹਨ, ਕੇਵਲ ਭਾਰਤ ਵਿੱਚ ਉਹਨਾਂ ਦੀ ਗਿਣਤੀ ਵੀ 1127 ਹੈ । ਉਹਨਾਂ ਦੇ ਅਲਾਉਂਸਜ਼ ਹੈ ਉਹਨਾਂ ਦੀਆਂ ਰਿਹਾਇਸ਼ਾਂ ਹਨ ਅਤੇ ਉਹਨਾਂ ਦੇ ਸਫ਼ਰ ਦੇ ਖਰਚੇ ਹਨ । ਇਸ ਪ੍ਰਕਾਰ ਬਹੁਤ ਵੱਡੇ ਖ਼ਰਚੇ ਹੁੰਦੇ ਹਨ । ਫਿਰ ਅਫ਼ਰੀਕਾ ਹੈ । ਅਫ਼ਰੀਕਾ ਦੇ 26 ਦੇਸ਼ ਹਨ ਇਸ ਸਮੇਂ 1287 ਲੋਕਲ ਮੁਅੱਲਿਮ ਕੰਮ ਕਰ ਰਹੇ ਹਨ । ਗ੍ਰਾਮਾ ਵਿੱਚ ਮਸਜਿਦਾਂ ਦੀ ਉਸਾਰੀ ਦੇ ਨਾਲ ਨਾਲ ਕਈ ਥਾਵਾਂ ਉਪੱਰ ਮੁਅੱਲਿਮਾ ਦੀਆਂ ਰਿਹਾਇਸ਼ ਲਈ ਕਮਰੇ ਜਾਂ ਮਕਾਨ (ਘਰ) ਵੀ ਉਸਾਰੀ ਕੀਤੇ ਗਏ ਹਨ । ਫਿਰ ਇਸ ਤੋਂ ਬਿਨਾਂ ਜਿੱਥੇ ਉਸਾਰੀ ਨਹੀਂ ਹੁੰਦੀ ਮੁਅੱਲਿਮਾ ਨੂੰ ਠਹਿਰਾਉਣ ਲਈ ਜਿਵੇਂ ਕਿ ਮੈਂ ਕਿਹਾ ਜੇਕਰ ਜਮਾਤਾਂ ਕਾਇਮ ਰਖੱਣੀਆਂ ਹਨ ਫਿਰ ਬਹਿਰਹਾਲ ਮੁਅੱਲਿਮ ਭੇਜਣੇ ਪੈਂਦੇ ਹਨ ਬੇਸ਼ਕ ਹੁਣੇ ਉਹਨਾਂ ਦੀ ਗਿਣਤੀ ਬਹੁਤ ਘੱਟ ਹੈ । ਸਾਨੂੰ ਬਹੁਤ ਅਧਿਕ ਮੁਅੱਲਿਮਾ ਦੀ ਲੋੜ ਹੈ ਪਰ ਬਹਿਰਹਾਲ ਜਿੱਥੇ ਤੱਕ ਕੀਤਾ ਜਾ ਸਕਦਾ ਹੈ ਜਤਨ ਕੀਤਾ ਜਾ ਸਕਦਾ ਹੈ ਕਰਨਾ ਚਾਹੀਦਾ ਹੈ । ਜਿੱਥੇ ਘਰ ਨਹੀਂ ਬਣ ਸਕਦੇ ਓਥੇ ਫ਼ੌਰੀ ਲੋੜ ਲਈ ਕਿਰਾਏ'ਤੇ ਘਰ ਲਏ ਜਾਂਦੇ ਹਨ । ਇਸ ਸਮੇਂ ਵੀ ਅਫ਼ਰੀਕਾ ਵਿੱਚ ਹੀ ਉਧਾਰਣ ਲਈ 372 ਜਮਾਤਾਂ ਅਜਿਹੀਆਂਹਨ ਜਿਥੇ ਕਿਰਾਏ 'ਤੇ ਘਰ ਲੈਕੇ ਉਹਨਾਂ ਮੁਅੱਲਿਮਾ ਨੂੰ ਰੱਖਿਆ ਗਿਆ ਹੈ । ਇਸ ਸਾਲ ਵਿੱਚ ਅਫ਼ਰੀਕਾ ਵਿੱਚ 130 ਮਸਜਿਦਾਂ ਦੀ ਉਸਾਰੀ ਹੋਈ ਹੈ । 47 ਮਸਜਿਦਾਂ ਇਸ ਸਮੇਂ ਉਸਾਰੀ ਹੇਠ ਹਨ ਅਤੇ ਮਨਸੂਬਾ ਜੋ ਹੈ 95 ਮਸਜਿਦਾਂ ਹੋਰ ਵਧੇਰੇ ਬਨਾਉਣ ਦਾ ਹੈ ਇਸ ਸਾਲ । ਫਿਰ ਅਫ਼ਰੀਕਾ ਦੇ 18 ਦੇਸ਼ਾਂ ਵਿੱਚ 82 ਮਿਸ਼ਨ ਹਾਊਸਜ਼ ਦੀ ਉਸਾਰੀ ਪੂਰਨ ਹੋ ਚੁੱਕੀ ਹੈ । 13 ਦੇਸ਼ਾਂ ਵਿੱਚ 21 ਮਿਸ਼ਨ ਹਾਊਸਜ਼ ਉਸਾਰੀ ਹੇਠ ਹਨ ਅਤੇ ਇਸ ਤੋਂ ਬਿਨਾਂ ਵੀ ਉਸਾਰੀ ਦੇ ਮਨਸੂਬੇ ਹਨ । ਅਫ਼ਰੀਕਾ ਵਿੱਚ ਤਰਬੀਯਤ (ਸਿੱਖਿਆ) ਲਈ, ਨੌਮੁਬਾਈਨ ਦੀ ਸਿੱਖਿਆ ਲਈ ਕਲਾਸਾਂ ਤੇ ਰਿਫ਼ਰੈਸ਼ਰ ਕੋਰਸਜ਼ ਵੀ ਹੁੰਦੇ ਹਨ । ਉਹ ਲਗਭਗ 2156 ਥਾਵਾਂ ਉਪੱਰ 37000 ਦੇ ਲਗਭਗ ਤਰਬੀਯਤੀ (ਸਿੱਖਿਅਕ) ਕਲਾਸਾਂ ਅਤੇ ਫ਼ਿਰੈਸ਼ਰ ਕੋਰਸਜ਼ ਪੂਰਨ ਕੀਤੇ ਗਏ ਅਤੇ ਲਗਭਗ ਇਸ ਵਿੱਚ ਇਕ ਲੱਖ ਨੌਮੁਬਾਈਨ ਨੇ ਭਾਗ ਲਿਆ । 1132 ਇਮਾਮਾ ਨੇ ਟ੍ਰੇਨਿੰਗ ਲਈ ਨੌਮੁਬਾਈਨ ਦੀ ਸਿੱਖਿਆ ਤੇ ਸੀਖ (ਤਰਬੀਯਤ) ਲਈ ਅਤੇ ਉਹਨਾਂ ਨੂੰ ਨਿਜ਼ਾਮੇ ਜਮਾਤ ਦਾ ਕਾਰਜਸ਼ੀਲ ਹਿਸੱਾ ਬਨਾਉਣ ਲਈ ਵੱਖ ਵੱਖ ਦੇਸ਼ਾਂ ਵਿੱਚ ਉਹਨਾਂ ਦੀ ਸਿੱਖਿਅਕ ਤੇ ਤਰਬੀਯਤੀ ਕਲਾਸਜ਼ ਅਤੇ ਰਿਫ਼ਰੈਸ਼ਰ ਕੋਰਸਜ਼ ਜਿਵੇਂ ਕਿ ਮੈਂ ਦੱਸਿਆ ਕਰਾਏ ਜਾਂਦੇ ਹਨ ਅਤੇ ਅਨੇਕਾਂ ਹੀ ਸ਼ਰੀਫ਼ ਤੇ ਚੰਗਾ ਸੁਭਾਵ ਰਖੱਣ ਵਾਲੇ ਮਸਜਿਦਾਂ ਦੇ ਇਮਾਮ ਵੀ ਬੈਅਤ ਕਰਦੇ ਹਨ, ਅਹਮਦੀਅਤ ਵਿੱਚ ਸ਼ਾਮਲ ਹੁੰਦੇ ਹਨ, ਉਹਨਾਂ ਦੀ ਵੀ ਨਵੇਂ ਸਿਰਿਓਂ ਤਰਬੀਯਤ ਕਰਨੀ ਪੈਂਦੀ ਹੈ, ਤਰਬੀਯਤ ਦੇਣੀ ਪੈਂਦੀ ਹੈ, ਸਹੀ ਇਸਲਾਮ ਬਾਰੇ ਮਸਲੇ ਸਿਖਾਉਣੇ ਪੈਂਦੇ ਹਨ, ਉਨਹਨਾਂ ਦੀਆਂ ਕਲਾਸਾਂ ਲਾਈਆਂ ਜਾਂਦੀਆਂ ਹਨ । ਵਕਫ਼ੇ ਜਦੀਦ ਵਿੱਚ ਦਾਖ਼ਲ ਹੋਣ ਵਾਲੇ ਸਦਭਾਵੀਆਂ ਦੀ ਗਿਣਤੀ 2010 ਈ. ਵਿੱਚ ਛੇ ਲੱਖ ਸੀ । ਹੁਣ ਇਸ ਸਾਲ ਰੱਬ ਦੀ ਮਿਹਰ ਨਾਲ ਇਹਨਾਂ ਭਾਗ ਲੈਣ ਵਾਲਿਆਂ ਦੀ ਗਿਣਤੀ 12 ਲੱਖ ਤੋਂ ਉਪੱਰ ਹੋ ਚੁੱਕੀ ਹੈ ਪਰ ਅਜੇ ਵੀ ਬਹੁਤ ਗੁੰਜਾਇਸ਼ ਮੌਜੂਦ ਹੈ । ਕੁਝ ਇਕ ਘਟਨਾਵਾਂ ਵੀ ਆਪ ਲੋਕਾਂ ਸਾਹਮਣੇ ਰਖੱਦਾ ਹਾਂ ।

ਤੰਜ਼ਾਨੀਆ ਦੇ ਹੀ ਮੁਬਲੱਗ਼ ਲਿਖੱਦੇ ਹਨ ਕਿ ਇਕ ਨੌਮੁਬਾਏ (ਜਮਾਤ ਵਿੱਚ ਦਾਖ਼ਲ ਹੋਈ ਨਵੀਂ) ਇਸਤਰੀ ਜਿੰਨ੍ਹਾ ਨੇ ਕੇਵਲ ਇਕ ਮਹੀਨਾ ਪਹਿਲਾਂ ਬੈਅਤ ਕੀਤੀ ਸੀ ਇਕ ਗ੍ਰਾਮ ਦੀ ਰਹਿਣ ਵਾਲੀ । ਉਹਨਾਂ ਨੂੰ ਜੱਦ ਵਕਫ਼ੇ ਜਦੀਦ ਦੀਆਂ ਬਰਕਤਾਂ ਬਾਰੇ ਦੱਸਿਆ ਗਿਆ ਤਾਂ ਕਹਿਣ ਲਗੀ ਕਿ ਇਸ ਸਮੇਂ ਤਾਂ ਮੇਰੇ ਕੋਲ ਰਕਮ ਨਹੀਂ ਹੈ ਪਰ ਕਿਉਂਕਿ ਚੰਦੇ ਦੀ ਅਦਾਇਗੀ ਦਾ ਸਾਲ ਖ਼ਤਮ ਹੋ ਰਿਹਾ ਹੈ ਮੈਂ ਚੰਦੇ ਦੀ ਬਰਕਤ ਤੋਂ ਵਾਂਜਿਆਂ ਨਹੀਂ ਰਹਿਣਾ ਚਾਹੁੰਦੀ ਥੋੜੀ ਜਿਹੀ ਉਡੀਕ ਕਰੋ । ਸੋ, ਉਹ ਆਪਣੇ ਘਰ ਗਈ, ਓਥੋਂ ਆਂਡੇ ਲਏ ਜੋ ਉਸ ਦੇ ਘਰ ਵਿੱਚ ਪਏ ਹੋਏ ਸਨ, ਉਹ ਜਾਕੇ ਬਾਜਾਰ ਵਿੱਚ ਵੇਚੇ ਅਤੇ ਦੋ ਹਜ਼ਾਰ ਸ਼ਲਿੰਗ ਉਹਨਾਂ

ਦਾ ਮੁੱਲ ਪ੍ਰਾਪਤ ਹੋਇਆ, ਜੋ ਚੰਦੇ ਵੱਜੋਂ ਦੇ ਗਈ । ਹੁਣ ਇਹ ਕੇਵਲ ਇਕ ਮਹੀਨਾ ਪਹਿਲਾਂ ਅਹਮਦੀ ਹੋਈਂ ਸਨ ਅਤੇ ਇਹ ਅਹਿਸਾਸ ਹੋਇਆ ਕਿ ਚੰਦਾ ਦੇਣਾ ਜ਼ਰੂਰੀ ਹੈ ।

ਫਿਰ ਗੈਂਬੀਆ ਤੋਂ ਅਮੀਰ ਸਾਹਬ ਲਿਖੱਦੇ ਹਨ ਕਿ ਪਿੰਡ ਦੇ ਇਕ ਮਿਤੱਰ ਹਨ । ਇਕ ਸਾਲ ਤੋਂ ਬਿਮਾਰ ਸਨ ਅਤੇ ਬਿਮਾਰੀ ਵਿੱਚ ਚੱਲ ਫਿਰ ਨਹੀਂ ਸਕਦੇ ਸਨ ਨ ਹੀ ਕੋਈ ਕੰਮ ਕਰ ਸਕਦੇ ਸਨ, ਇਸ ਲਈ ਮਾਲੀ ਅਵਸਥਾ ਵੀ ਬਹੁਤ ਖ਼ਰਾਬ ਸੀ । ਪਰ ਜੱਦ ਪਿਛੱਲੇ ਸਾਲ ਜੱਦ ਵਕਫ਼ੇ ਜਦੀਦ ਦੀ ਤਹਿਰੀਕ ਕੀਤੀ ਗਈ ਤਾਂ ਉਹਨਾਂ ਕੋਲ ਕੇਵਲ ਪੰਜ ਡਲਾਸੀ ਸਨ ਜੋ ਉਹਨਾਂ ਨੂੰ ਕਿਸੇ ਨੇ ਸਦਕੇ (ਦਾਨ) ਦੇ ਰੂਪ ਵਿੱਚ ਦਿੱਤੇ ਸਨ । ਉਹਨਾਂ ਨੇ ਉਹ ਪੰਜ ਡਲਾਸੀ ਵਕਫ਼ੇ ਜਦੀਦ ਵਿੱਚ ਦੇ ਦਿੱਤੇ । ਉਹ ਕਹਿੰਦੇ ਹਨ ਕਿ ਰੱਬ ਨੇ ਅਜਿਹੀ ਮਿਹਰ ਕੀਤੀ ਕਿ ਉਹ ਮਨੁੱਖ ਜੋ ਤੁਰਨ ਫਿਰਨ ਤੋਂ ਮਜਬੂਰ ਸੀ ਹੁਣ ਉਸ ਦੇ ਕੰਮ ਵਿੱਚ ਅਜਿਹੀ ਬਰਕਤ ਪਈ ਕਿ ਪਸ਼ੂਆਂ ਦਾ ਇਕ ਰੇਵੜ ਉਹਨਾਂ ਕੋਲ ਹੈ ਅਤੇ ਉਹ ਖੇਤੀ ਬਾੜੀ ਦਾ ਕੰਮ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਸਭ ਕੁਝ ਰੱਬ ਨੇ ਮਿਹਰ ਕੀਤੀ ਹੈ ਕਿ ਮੇਰੀਆਂ ਫ਼ਸਲਾਂ ਵੀ ਚੰਗੀਆਂ ਹੋਣ ਲੱਗੀਆਂ ਹਨ ਅਤੇ ਪਸ਼ੂਆਂ ਦਾ ਇਕ ਵੱਡਾ ਝੁੰਡ ਹੋ ਗਿਆ ਹੈ ਇਹ ਸਭ ਚੰਦੇ ਦੀਆਂ ਬਰਕਤਾਂ ਹਨ ।

ਫ਼ਿਨਲੈਂਡ ਤੋਂ ਇਕ ਸਜੱਣ ਲਿਖੱਦੇ ਹਨ ਕਿ ਮੇਰਾ ਪਿਛੱਲੇ ਸਾਲ ਦਾ 510 ਯੂਰੋ ਦਾ ਵਾਦਾ ਸੀ ਤਾਂ ਮੈਂ ਵਿਚਾਰਿਆਂ ਕਿ ਇਸ ਸਾਲ ਮਰੇ ਹਾਲਾਤ ਠੀਕ ਨਹੀਂ ਹਨ ਮੈਂ ਆਪਣਾ ਵਾਦਾ ਇਕ ਸੌ ਯੂਰੋ ਕਰ ਦਿੱਤਾ ਕਿ ਬਹੁਤਾ ਨਹੀਂ ਦੇ ਸਕਦਾ । ਕਹਿੰਦੇ ਹਨ ਕਿ ਮੈਂਨੂੰ ਰੱਬ ਨੇ ਇਸ ਪ੍ਰਕਾਰ ਫ਼ੜਿਆ ਕਿ ਇਕ ਦਿਨ ਮੇਰੀ ਗੱਡੀ ਅਚਾਨਕ ਸੜਕ ਉਪੱਰ ਖ਼ਰਾਬ ਹੋ ਗਈ ਅਤੇ ਉਸ ਦੀ ਮੁਰਮੱਤ ਲਈ ਵਰਕਸ਼ਾਪ ਜਾਣਾ ਪਿਆ । ਜੋ ਬਿਲ ਬਣਿਆ ਉਹ ਪੂਰਾ ਉਨ੍ਹਾ ਸੀ ਜੋ ਮੇਰਾ ਪਹਿਲਾਂ ਵਾਦਾ ਸੀ ਅਰਥਾਤ 510 ਯੂਰੋ । ਫਿਰ ਘਰ ਪਹੁੰਚਦਿਆਂ ਹੀ ਉਹਨਾਂ ਨੇ ਕਿਹਾ ਕਿ ਰੱਬ ਨੇ ਮੈਂਨੂੰ ਸਬਕ ਦਿੱਤਾ ਹੈ ਫਿਰ ਝੱਟ ਉਹਨਾਂ ਨੇ ਆਪਣਾ ਵਕਫ਼ੇ ਜਦੀਦ ਦਾ ਵਾਦਾ ਪੂਰਾ ਕੀਤਾ ਅਤੇ ਚੰਦਾ ਅਦਾ ਕੀਤਾ ।

ਸੀਰਾਲੀਉਨ ਦੀ ਇਕ ਅਹਮਦੀ ਇਸਤਰੀ ਪ੍ਰਾਇਮਰੀ ਸਕੂਲ ਦੀ ਹੈਡਸਿਟਰਸ ਹਨ । ਕਹਿੰਦੀ ਹਨ ਕਿ ਮਿਸ਼ਨਰੀ ਸਾਹਬ ਨੇ ਚੰਦੇ ਦੀ ਤਹਿਰੀਕ ਕੀਤੀ । ਮੇਰੇ ਕੋਲ ਰਕਮ ਨਹੀਂ ਸੀ ਪਹਿਲਾਂ ਮੈਂ ਦੇ ਚੁੱਕੀ ਸੀ । ਕਹਿੰਦੀ ਹਨ ਕਿ ਮੇਰਾ ਇਕ ਭਾਈ ਸੀ ਜੋ ਲੰਮਾ ਚਿਰ ਸਮੇਂ ਪਹਿਲਾਂ ਈਸਾਈ ਹੋ ਚੁਕਿਆ ਸੀ ਅਤੇ ਮੈਂਥੋਂ ਨਰਾਜ਼ ਸੀ ਕਿ ਤੁਸੀਂ ਈਸਾਈ ਹੋ ਜਾਓ ਅਤੇ ਛੱਡ ਕੇ ਅਮਰੀਕਾ ਚਲਾ ਗਿਆ ਸੀ । ਕਹਿੰਦੀ ਹਨ ਕਿ ਮੁਸ਼ਕਲ ਨਾਲ ਚੰਦਾ ਤਾਂ ਦੇ ਦਿੱਤਾ, ਹਾਲਾਤ ਅਜਿਹੇ ਨਹੀਂ ਸਨ । ਇਕ ਦਿਨ ਉਸ ਦਾ ਫ਼ੋਨ ਆਇਆ ਅਤੇ ਉਸ ਨੇ ਕਿਹਾ ਕਿ ਠੀਕ ਹੈ ਬੇਸ਼ਕ ਮੁਸਲਮਾਨ ਰਹੋ ਅਮਹਦੀ ਰਹੋ ਮੈਂਨੂੰ ਕੋਈ ਇਤਰਾਜ਼ ਨਹੀਂ ਹੈ, ਪਰ ਮੈਂਨੂੰ ਤਹਿਰੀਕ ਹੋਈ ਹੈ ਕਿ ਮੈਂ ਤੁਹਾਡੀ ਮਦਦ ਕਰਾਂ ਇਸ ਲਈ ਮੈਂ ਇਕ ਵੱਡੀ ਰਕਮ ਭੇਜ ਰਿਹਾ ਹਾਂ । ਸੋ, ਉਸ ਨੇ ਰਕਮ ਭੇਜੀ । ਭਾਈ ਨਾਲ ਰਾਬਤਾ ਵੀ ਹੋ ਗਿਆ ਅਤੇ ਹੱਥ ਵੀ ਖੁਲੱਾ ਹੋ ਗਿਆ ।

ਭਾਰਤ ਵਿੱਚੋਂ ਕੋਇੰਬਟੋਰ (ਕੇਰਲਾ) ਤੋਂ ਮੁਬਲੱਗ਼ ਸਿਲਸਿਲਾ ਲਿਖੱਦੇ ਹਨ ਕਿ ਇਕ ਸਜੱਣ ਆਪਣੀ ਬੇਟੀ ਲਈ ਜ਼ੇਵਰ ਖ਼ਰੀਦਣ ਲਈ ਬਾਜ਼ਾਰ ਗਏ । ਜ਼ੇਵਰ ਪਸੰਦ ਕਰ ਰਹੇ ਸਨ ਕਿ ਜੁਮਏ ਦਾ ਸਮਾਂ ਹੋ ਗਿਆ । ਉਹਨਾਂ ਨੇ ਦੁਕਾਨਦਾਰ ਨੂੰ ਕਿਹਾ ਕਿ ਅਸੀਂ ਨਮਾਜ਼ ਪੜ੍ਹਕੇ ਆਉਂਦੇ ਹਾਂ ਫਿਰ ਜ਼ੇਵਰ ਲਵਾਂਗੇ । ਖ਼ੁਤਬਾ ਜੁਮਆ ਵਿੱਚ ਉਹਨਾਂ ਨੂੰ ਮੇਰੇ ਖ਼ੁਤਬੇ ਦਾ ਸਾਰ ਸੁਣਾਇਆ ਗਿਆ ਜਿਸ ਵਿੱਚ ਚੰਦੇ ਦੇ ਨਵੇਂ ਸਾਲ ਦਾ ਐਲਾਨ ਸੀ 'ਤਹਿਰੀਕੇ ਜਦੀਦ' ਦਾ । ਚੰਦੇ ਬਾਰੇ ਦੱਸਿਆ ਗਿਆ ਅਤੇ ਇਕ ਨਾਬੀਨਾ ਇਸਤਰੀ ਦੀ ਮਾਲੀ ਕੁਰਬਾਨੀ ਦਾ ਵੀ ਵਰਨਣ ਹੋਇਆ, ਉਸ ਵਿੱਚ ਘਟੱਣਾ ਸੁਣਾਈ ਗਈ । ਉਸਦਾ ਉਸ ਸਜੱਣ ਉਪੱਰ ਅਜਿਹਾ ਪ੍ਰਭਾਵ ਹੋਇਆ ਕਿ ਉਹਨਾਂ ਨੇ ਚੰਦਾ ਵਕਫ਼ੇ ਜਦੀਦ ਦਾ ਜੋ ਬਕਾਇਆ ਸੀ ਉਹ ਨਮਾਜ਼ ਦੇ ਬਾਦ ਬਜਾਏ ਜ਼ੇਵਰ ਖ਼ਰੀਦਣ ਦੇ ਵਕਫ਼ੇ ਜਦੀਦ ਦਾ ਚੰਦਾ ਅਦਾ ਕਰ ਦਿੱਤਾ ਅਤੇ ਮਸਜਿਦ ਤੋਂ ਬਾਹਰ ਆਕੇ ਜੱਦ ਆਪਣੀ ਪਤਨੀ ਨਾਲ ਇਸ ਗੱਲ ਦੀ ਚਰਚਾ ਕੀਤੀ ਤਾਂ ਉਹ ਬਹੁਤ ਖ਼ੁਸ਼ ਹੋਈਂ ਅਤੇ ਕਹਿਣ ਲੱਗੀ ਕਿ ਖ਼ੁਤਬੇ ਵਿੱਚ ਮੈਂ ਵੀ ਇਹੋ ਇਰਾਦਾ ਕੀਤਾ ਸੀ ਕਿ ਇਹ ਚੰਦਾ ਦੇ ਦਿੰਦੇ ਹਾਂ । ਰੱਬ ਸਾਡੀ ਬੇਟੀ ਲਈ ਜ਼ੇਵਰ ਦਾ ਕੋਈ ਹੋਰ ਪ੍ਰਬੰਧ ਕਰ ਦੇਵੇਗਾ ।

ਭਾਰਤ ਵਿਚੋਂ ਸਹਾਰਨਪੁਰ ਤੋਂ ਇੰਸਪੈਕਟਰ ਵਕਫ਼ੇ ਜਦੀਦ ਲਿਖੱਦੇ ਹਨ ਕਿ ਯੂ.ਪੀ. ਦੇ ਇਕ ਗ੍ਰਾਮ ਵਿੱਚ ਇਕ ਅਹਮਦੀ ਸਜੱਣ ਦੇ ਘਰ ਚੰਦਾ ਵਕਫ਼ੇ ਜਦੀਦ ਦੀ ਉਗਰਾਹੀ ਲਈ ਗਏ । ਤਾਂ ਉਹਨਾਂ ਨੇ ਆਪਣੀ ਪਤਨੀ ਨੂੰ ਕਿਹਾ ਕਿ ਈਦ ਆਉਣ ਵਾਲੀ ਹੈ ਅਤੇ ਮੇਰੇ ਕੋਲ ਕੇਵਲ ਦੋ ਸੌ ਰੁਪਏ ਹਨ ਚਾਹੋ ਤਾਂ ਈਦ ਦੇ ਕਪੜੇ ਬਣਾ ਲਓ ਚਾਹੋ ਤਾਂ ਚੰਦਾ ਦੇ ਦਿਓ । ਉਸ ਸਮੇਂ ਇਸਤਰੀ ਨੇ ਉੱਤਰ ਦਿਤੱਾ ਕਿ ਪਹਿਲਾਂ ਚੰਦਾ ਦੇ ਦਿਓ ਕਪੜੇ ਤਾਂ ਬਾਦ ਵਿੱਚ ਬਣ ਜਾਣਗੇ । ਅਜੇ ਕੁਝ ਮਹੀਨੇ ਹੀ ਲੰਘੇ ਸਨ ਕਿ ਉਹਨਾਂ ਦੇ ਘਰ ਮੁੜ੍ਹ ਚੰਦਾ ਲੈਣ ਲਈ ਗਏ ਤਾਂ ਉਹਨਾਂ ਦਾ ਘਰ ਦੇਖ ਕੇ ਬਹੁਤ ਖ਼ੁਸ਼ੀ ਹੋਈ, ਉਕਤ ਵਿਅਕਤੀ ਨੇ ਦੱਸਿਆ ਕਿ ਅਸੀਂ ਜੱਦ ਤੋਂ ਚੰਦਾ ਅਦਾ ਕੀਤਾ ਹੈ ਉਦੋਂ ਤੋਂ ਸਾਡੇ ਕੋਲ ਬਹੁਤ ਕੰਮ ਆਇਆ ਹੈ ਪਹਿਲਾਂ ਤਾਂ ਖੇਤਾ ਵਿੱਚ ਦੂਜਿਆਂ ਦਾ ਟਰੈਕਟਰ ਲੈਕੇ ਚਲਾਉਂਦਾ ਸੀ, ਹੁਣ ਰਬ ਨੇ ਅਜਿਹੀ ਮਿਹਰ ਕੀਤੀ ਹੈ ਕਿ ਮੈਂ ਹੁਣ ਆਪਣਾ ਟਰੈਕਟਰ ਖ਼ਰੀਦ ਲਿਆ ਹੈ ਅਤੇ ਕੰਮ ਵਿੱਚ ਬਹੁਤ ਵਾਧਾ ਤੇ ਬਰਕਤ ਪੈ ਗਈ ਹੈ ।

ਭਾਰਤ ਤੋਂ ਹੀ ਉੜੀਸਾ ਪ੍ਰਾਂਤ ਦੇ ਇਕ ਵਿਅਕਤੀ ਕਰਜ਼ੇ ਵਿੱਚ ਡੁੱਬੇ ਹੋਏ ਸਨ ਅਤੇ ਇਸ ਦੇ ਸਬਬ ਲੋਕਾਂ ਤੋਂ ਲੁਕਦੇ ਫਿਰ ਰਹੇ ਸਨ । ਲੁਕ ਲੁਕਾ ਕੇ ਆਪਣਾ ਵਤਨ ਛੱਡ ਕੇ ਹੈਦਰਾਬਾਦ ਚਲੇ ਗਏ । ਖ਼ੈਰ ਜੱਦ ਉਹਨਾਂ ਬਾਰੇ ਜਾਣਕਾਰੀ ਮਿਲੀ ਰਾਬਤਾ ਹੋਇਆ ਮੁਰੱਬੀ ਸਾਹਬ ਨੇ ਜਾਂ ਇੰਸਪੈਕਟਰ ਸਾਹਬ ਨੇ ਉਹਨਾਂ ਨੂੰ ਚੰਦੇ ਦੀ ਮਹਤੱਾ ਦੱਸੀ । ਖ਼ੈਰ ਉਹਨਾਂ ਨੇ ਕਿਸੇ ਨ ਕਿਸੇ ਪ੍ਰਕਾਰ ਆਪਣਾ ਚੰਦਾ ਅਦਾ ਕਰ ਦਿਤੱਾ ਅਤੇ ਜਮਾਤ ਨਾਲ ਰਾਬਤਾ ਬਣਾਈ ਰੱਖਿਆ । ਇਸ ਦੇ ਬਾਦ ਕਹਿੰਦੇ ਹਨ ਕਿ ਰੱਬ ਨੇ ਅਜਿਹੀ ਬਰਕਤ ਪਾਈ ਕਿ ਆਮਦਨੀ ਪੈਦਾ ਹੋਣੀ ਸ਼ੁਰੂ ਹੋ ਗਈ ਅਤੇ ਰੱਬ ਨੇ ਸਾਰੇ ਕਰਜ਼ੇ ਵੀ ਲਾਹ ਦਿੱਤੇ ਅਤੇ ਨ ਕੇਵਲ ਕਰਜ਼ੇ ਹੀ ਲਾਏ ਸਗੋਂ ਜਿਸ ਦੇ ਸਬਬ ਲੁਕਦੇ ਛਿਪਦੇ ਸਨ ਸਗੋਂ ਉਹਨਾਂ ਨੇ ਆਪਣਾ ਕਮਾਨ ਵੀ ਖ਼ਰੀਦ ਲਿਆ ਹੈ । ਹੁਣ ਉਹਨਾਂ ਨੇ ਆਪਣਾ ਵਾਦਾ ਕਈ ਗੁਣਾ ਵਧਾ ਕੇ ਲਿੱਖਵਾਇਆ ਹੈ । ਬੰਗਾਲ ਤੇ ਸਿਕੱਮ ਦੇ ਇੰਸਪੈਕਟਰ ਸਾਹਬ ਲਿਖੱਦੇ ਹਨ ਕਿ ਦਾਰਜਲਿੰਗ ਜਮਾਤ ਦੇ ਇਕ ਸਜੱਣ ਦਸ ਸਾਲ ਪਹਿਲਾਂ ਜਮਾਤ ਵਿੱਚ ਸ਼ਾਮਲ ਹੋਏ ਸਨ । ਮਾਲੀ ਕੁਰਬਾਨੀ ਵਿੱਚ ਹਮੇਸ਼ਾਂ ਅਗਾਂਹ ਰਹਿੰਦੇ ਸਨ । ਇਸ ਸਾਲ ਜੱਦ ਵਕਫ਼ੇ ਜਦੀਦ ਦੇ ਬਜਟ ਲਈ ਉਹਨਾਂ ਕੋਲ ਪਹੁੰਚੇ ਤਾਂ ਉਹਨਾਂ ਨੇ ਦੱਸਿਆ ਕਿ ਪਿਤਾ ਜੀ ਦਾ ਆਪ੍ਰੇਸ਼ਨ ਸੀ ਜਿਸ ਵਿੱਚ ਇਕ ਲੱਖ ਰੁਪਏ ਖਰਚ ਹੋ ਗਏ ਹਨ ਇਸ ਲਈ ਬਹੁਤ ਤੰਗੀ ਹੈ । ਉਕਤ ਵਿਅਕਤੀ ਨੇ ਆਪਣਾ ਵਕਫ਼ੇ ਜਦੀਦ ਦਾ ਚੰਦਾ ਜੋ ਕਿ ਵਾਹਵਾ ਵਡੱਾ ਸੀ 22 ਹਜ਼ਾਰ ਤੋਂ ਘਟਾਕੇ 17 ਹਜ਼ਾਰ ਕਰ ਦਿੱਤਾ, ਪਰ ਜੱਦ ਵਸੂਲੀ ਲਈ ਗਏ ਤਾਂ 22 ਹਜ਼ਾਰ ਹੀ ਅਦਾ ਕੀਤਾ । ਉਹਨਾਂ ਨੇ ਕਿਹਾ ਕਿ ਮੈਂਨੂੰ ਵਿਚਾਰ ਆਇਆ ਕਿ ਮੈਂ ਕਿਉਂ ਇਕ ਨੇਕੀ ਨੂੰ ਜਿਸਨੂੰ ਮੈਂ ਅਰੰਭ ਕਰ ਚੁਕਿਆ ਹਾਂ ਕਮੀ ਕਿਉਂ ਕਰਾਂ । ਇਸ ਪ੍ਰਕਾਰ ਵੀ ਰੱਬ ਈਮਾਨ ਵਿੱਚ ਵਾਧਾ ਕਰਦਾ ਹੈ ਅਤੇ ਆਪ ਅਹਿਸਾਸ ਪੈਦਾ ਕਰਦਾ ਹੈ ਕਿ ਤੁਸੀਂ ਲੋਕ ਕੁਰਬਾਨੀਆਂ ਕਰੋ ਤਾਂ ਜੋ ਰੱਬ ਦੀਆਂ ਮਿਹਰਾਂ ਦੇ ਹੋਰ ਵੀ ਵਾਰਸ ਬਣੋ ।

ਇਸ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਅਫ਼ਰੀਕਨ ਦੇਸ਼ ਬੈਨਿਨ, ਆਸਟ੍ਰੇਲੀਆ, ਨਾਰਵੇ, ਕੋਂਗੋ, ਜਰਮਨੀ, ਕੈਨੇਡਾ ਤੇ ਤਨਜ਼ਾਨੀਆ ਦੇ ਕੁਝ ਜਮਾਤ ਦੇ ਸਦਭਾਵੀਆਂ ਦੇ ਈਮਾਨ ਵਧਾਉਣ ਵਾਲੀਆਂ ਘਟਨਾਵਾਂ, ਚੰਦਾ ਵਕਫ਼ੇ ਜਦੀਦ ਦੇ ਸਿੱਟੇ ਵਿੱਚ ਪ੍ਰਾਪਤ ਹੋਣ ਵਾਲੀਆਂ ਬਰਕਤਾਂ ਦਾ ਵਰਨਣ ਕੀਤਾ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਲਅਮ ਨੇ ਫ਼ਰਮਾਇਆ ਹੈ ਕਿ ਜੋ ਪਾਕ ਕਮਾਈ ਵਿੱਚੋਂ ਦਿੱਤੀ ਹੋਈ ਇਕ ਖਜੂਰ ਦੀ ਗਿਟਕ ਵੀ ਜੋ ਹੈ ਰੱਬ ਉਸ ਨੂੰ ਪਹਾੜ ਬਣਾ ਦਿੰਦਾ ਹੈ ਫਿਰ ਇਹ ਫ਼ਰਮਾਇਆ ਕਿ ਇਕ ਛੋਟਾ ਜਿਹਾ ਵਛੇਰਾ ਹੁੰਦਾ ਹੈ ਅਤੇ ਉਹ ਵੱਡਾ ਪਸ਼ੂ ਬਣ ਜਾਂਦਾ ਹੈ ਇਸੇ ਪ੍ਰਕਾਰ ਪਾਕ ਕਮਾਈ ਵਿੱਚੋਂ ਕੀਤੀ ਕੁਰਬਾਨੀ ਨੂੰ ਰੱਬ ਵਧਾਉਂਦਾ ਹੈ । ਸੋ, ਇਹ ਨਜ਼ਾਰੇ ਰੱਬ ਇਸ ਜੁੱਗ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਦੇ ਲੋਕਾਂ ਨੂੰ ਦਿਖਾਉਂਦਾ ਹੈ ।

ਫ਼ਰਮਾਇਆ ਹੁਣ ਮੈਂ ਬੀਤੇ ਸਾਲ ਦੀ ਰਿਪੋਰਟ ਪੇਸ਼ ਕਰਦਾ ਹਾਂ । ਪਾਕਿਸਤਾਨ ਦੇ ਬਾਦ ਜੋ ਦੇਸ਼ ਹਨ ਉਹਨਾਂ ਵਿੱਚ ਇਸ ਸਾਲ ਪਹਿਲੇ ਨੰਬਰ'ਤੇ ਬਰਤਾਨੀਆ ਹੈ, ਅਮਰੀਕਾ ਦੂਜੇ ਨੰਬਰ'ਤੇ, ਜਰਮਨੀ ਤੀਜੇ ਨੰਬਰ'ਤੇ, ਕੈਨੇਡਾ ਚੌਥੇ ਨੰਬਰ'ਤੇ, ਭਾਰਤ ਪੰਜਵੇਂ ਨੰਬਰ'ਤੇ, ਆਸਟ੍ਰੇਲੀਆ ਛੇਵੇਂ ਨੰਬਰ'ਤੇ, ਇੰਡੋਨੇਸ਼ੀਆ ਸਤੱਵੇਂ ਨੰਬਰ'ਤੇ, ਇਸੇ ਪ੍ਰਕਾਰ ਇਕ ਮਿਡਲ ਈਸਟ ਦੀ ਹੋਰ ਜਮਾਤ ਹੈ ਉਹ ਅਠੱਵੇਂ ਨੰਬਰ'ਤੇ, ਬੈਲਜੀਅਮ ਨੌਵੇਂ ਨੰਬਰ'ਤੇ ਅਤੇ ਘਾਨਾ ਦਸਵੇਂ ਨੰਬਰ'ਤੇ ਹੈ ।

ਲੋਕਲ ਕਰੰਸੀ ਵਿੱਚ ਵਸੂਲੀ ਵਿੱਚ ਵਾਧੇ ਦੇ ਪੱਖੋਂ ਘਾਨਾ ਪਹਿਲੇ ਨੰਬਰ'ਤੇ ਹੈ । ਇਸ ਦੇ ਬਾਦ ਅਮਰੀਕਾ ਹੈ ਫਿਰ ਬਰਤਾਨੀਆ ਹੈ ।

ਵੱਡੀਆਂ ਜਮਾਤਾਂ ਵਿੱਚ ਪ੍ਰਤੀ ਵਿਅਕਤੀ ਅਦਾਇਗੀ ਦੇ ਪੱਖੋਂ ਪਹਿਲੇ ਨੰਬਰ'ਤੇ ਮਿਡਲਸਿਟ ਦੀ ਇਕ ਜਮਾਤ ਹੈ ਫਿਰ ਅਮਰੀਕਾ ਹੈ ਫਿਰ ਮੁੜ੍ਹ ਮਿਡਲਈਸਟ ਦੀ ਇਕ ਜਮਾਤ ਹੈ ਫਿਰ ਚੌਥੇ ਨੰਬਰ'ਤੇ ਸੁਵਿਟਜ਼ਰਲੈਂਡ, ਫਿਰ ਪੰਜਵੇਂ ਨੰਬਰ'ਤੇ ਬਰਤਾਨੀਆ, ਛਟੇ ਨੰਬਰ'ਤੇ ਆਸਟ੍ਰੇਲੀਆ, ਸਤੱਵੇਂ'ਤੇ ਬੈਲਜੀਅਮ, ਅਠੱਵੇਂ'ਤੇ ਬੈਲਜੀਅਮ, ਨੌਵੇਂ'ਤੇ ਜਰਮਨੀ ਅਤੇ ਦਸਵੇਂ'ਤੇ ਕੈਨੇਡਾ ਹੈ ।

ਰੱਬ ਦੀ ਮਿਹਰ ਨਾਲ ਇਸ ਸਾਲ ਵਕਫ਼ੇ ਜਦੀਦ ਵਿੱਚ ਸ਼ਾਮਲ ਹੋਣ ਦੇ ਵਾਧੇ ਦੇ ਪੱਖੋਂ ਅਫ਼ਰੀਕਾ ਤੋਂ ਬਿਨਾ ਇੰਡੀਆ ਹੈ ਨੰਬਰ ਇਕ'ਤੇ । ਫਿਰ ਕੈਨੇਡਾ, ਬਰਤਾਨੀਆ ਅਤੇ ਅਮਰੀਕਾ ਇਹ ਵਿਸ਼ੇਸ਼ ਹਨ, ਪਰ ਸਭ ਤੋਂ ਅਧਿਕ ਵਾਧਾ ਅਫ਼ਰੀਕਾ ਦੇ ਦੇਸ਼ਾਂ ਵਿੱਚ ਹੋਇਆ ਹੈ ।

ਮੈਂ ਕਈ ਵਾਰ ਪਹਿਲਾਂ ਵੀ ਧਿਆਨ ਦੁਆ ਚੁੱਕਿਆ ਹਾਂ ਕਿ 'ਦਫ਼ਤਰ ਇਤਫ਼ਾਲ' ਵਿੱਚ ਜਿਵੇਂ ਕੈਨੇਡਾ ਵਿੱਚ ਕੰਮ ਹੋ ਰਿਹਾ ਹੈ ਆਰਗਿਨਾਈਜ਼ ਹੋਕੇ, ਬਾਕੀ ਦੁਨੀਆ ਦੇ ਜੋ ਵੱਡੇ ਦੇਸ਼ ਹਨ ਉਹਨਾਂ ਨੂੰ ਵੀ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਕੰਮ ਕਰਨਾ ਚਾਹੀਦਾ ਹੈ । ਇਸ ਬਾਰੇ ਮੈਂ ਇਹ ਵੀ ਦੱਸ ਦਿਆਂ ਕਿ 'ਦਫ਼ਤਰ ਇਤਫ਼ਾਲ' ਕੇਵਲ ਵਕਫ਼ੇ ਜਦੀਦ ਵਿੱਚ ਹੁੰਦਾ ਹੈ 'ਤਹਿਰੀਕੇ ਜਦੀਦ' ਵਿੱਚ ਨਹੀਂ ਹੁੰਦਾ ।

ਸਾਮੂਹਿਕ ਵਸੂਲੀ ਦੇ ਪੱਖੋਂ ਭਾਰਤ ਦੇ ਜੋ ਸੂਬੇ ਹਨ ਕੇਰਾਲਾ ਨੰਬਰ ਇਕ, ਤਾਮਿਲਨਾਡੂ ਨੰਬਰ ਦੋ, ਜਮੂੰ ਕਸ਼ਮੀਰ ਅਤੇ ਤੇਲੰਗਾਨਾ, ਫਿਰ ਕਰਨਾਟਕ, ਫਿਰ ਵੈਸਟ ਬੰਗਾਲ, ਫਿਰ ਉੜੀਸਾ, ਫਿਰ ਪੰਜਾਬ, ਫਿਰ ਉੱਤਰ ਪ੍ਰਦੇਸ਼, ਫਿਰ ਦਿੱਲੀ, ਫਿਰ ਮਹਾਰਾਸ਼ਟਰ । ਹੋਰ ਜਮਾਤਾਂ ਜੋ ਹਨ ਵਸੂਲੀ ਦੇ ਪੱਖੋਂ ਨੰਬਰ ਇਕ'ਤੇ ਕੈਰੋਲਾਈ, ਨੰਬਰ ਦੋ'ਤੇ ਕਾਲੀਕਟ, ਫਿਰ ਹੈਦਰਾਬਾਦ, ਫਿਰ ਪਿਥੱਪ੍ਰਮ, ਫਿਰ ਕਾਦੀਆਂ, ਫਿਰ ਕਾਨੂਰ ਟਾਉਨ, ਫਿਰ ਕਲਕਤੱਾ, ਫਿਰ ਸੋਲੋਰ, ਫਿਰ ਬੰਗਲੋਰ, ਬੰਗਾਰਡੀ ਅਤੇ ਰਿਸ਼ੀਨਗਰ ।

ਅਲੱਾਹ ਤਆਲਾ ਸਾਰਿਆਂ ਕੁਰਬਾਨੀਆਂ ਕਰਨ ਵਾਲਿਆਂ ਦੇ ਮਾਲ ਤੇ ਜਾਨਾ ਵਿੱਚ ਅਥਾਹ ਤੇ ਬੇਅੰਤ ਵਾਧਾ ਬਰਕਤ ਪਾਵੇ ਅਤੇ ਇਸ ਸਾਲ ਰੱਬ ਕਰੇ ਜਿੱਥੇ ਪਹਿਲਾਂ ਤੋਂ ਵੀ ਵੱਧਕੇ ਕੁਰਬਾਨੀ ਦੀ ਤੋਫ਼ੀਕ ਪ੍ਰਦਾਨ ਕਰੇ ਗਿਣਤੀ ਵਿੱਚ ਵਾਧਾ ਵੀ ਕਰੇ।

ਅੰਤ ਵਿੱਚ ਹਜ਼ੂਰ ਅਨਵਰ ਨੇ ਦੋ ਮਰਹੂਮੀਨ ਮੁਕਰੱਮ ਮੁਹਮੱਦ ਅਸਲਮ ਸ਼ਾਦ ਮੰਗਲਾ ਸਾਹਬ ਪ੍ਰਾਈਵੇਟ ਸੈਕ੍ਰੇਟਰੀ ਰਬਵਾਹ ਅਤੇ ਮੁਕਰੱਮ ਅਹਮਦ ਸ਼ੇਰ ਜੋਇਆ ਸਾਹਬ ਦੇ ਸਦਗੁਣਾ ਤੇ ਸੇਵਾਵਾਂ ਦਾ ਵਰਨਣ ਕੀਤਾ ਅਤੇ ਉਹਨਾਂ ਦੀ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba 08.01.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131